BRAMPTON Service and Information Update

# ਬ੍ਰੈਂਪਟਨ ਫਾਰਮਰਸ ਮਾਰਕੀਟ ਵਿਖੇ ਵਿਆਹ ਕਰੋ!

ਬ੍ਰੈਂਪਟਨ, ਓਨਟੈਰੀਓ (23 ਜੂਨ, 2022) – ਸਿਟੀ ਆਫ ਬ੍ਰੈਂਪਟਨ, ਸ਼ਨੀਵਾਰ, 23 ਜੁਲਾਈ, 2022 ਲਈ ਨਾਗਰਿਕ ਵਿਆਹ ਸਮਾਰੋਹਾਂ ਤੇ ਇੱਕ ਖਾਸ ਪ੍ਰਚਾਰ ਦੀ ਪੇਸ਼ਕਸ਼ ਕਰ ਰਹੀ ਹੈ। ਤੁਸੀਂ ਅਤੇ ਤੁਹਾਡਾ ਪਾਰਟਨਰ, ਫਾਰਮਰਸ ਮਾਰਕੀਟ (Farmers' Market) ਦੇ ਦੌਰਾਨ, ਖੂਬਸੂਰਤ ਗੇਜ ਪਾਰਕ (Gage Park) ਦੇ ਗਜ਼ੇਬੋ ਵਿੱਚ, ਸਿਰਫ 75 ਡਾਲਰ ਦੀ ਫੀਸ ਦੇ ਨਾਲ, ਇੱਕ-ਦੂਜੇ ਨਾਲ ਵਾਅਦਾ ਕਰਕੇ, ਅਧਿਕਾਰਤ ਤੌਰ ਤੇ ਵਿਆਹ ਕਰ ਸਕਦੇ ਹੋ!

ਸੀਮਿਤ ਥਾਵਾਂ ਉਪਲਬਧ ਹਨ। **13 ਜੁਲਾਈ, 2022** ਤੱਕ ਖੁਦ ਆ ਕੇ ਬੁੱਕ ਕਰੋ।

ਬੁਕਿੰਗ ਦੇ ਸਮੇਂ ਬੁਕਿੰਗ ਦੀ ਪੂਰੀ ਫੀਸ ਦੇਣੀ ਲਾਜ਼ਮੀ ਹੈ। ਬੁਕਿੰਗ ਦੇ ਸਮੇਂ ਵਿਆਹ ਦਾ ਵੈਧ ਲਾਇਸੈਂਸ ਪੇਸ਼ ਕਰਨਾ ਜਾਂ ਖਰੀਦਣਾ (160 ਡਾਲਰ) ਲਾਜ਼ਮੀ ਹੈ।

ਵਿਆਹ ਦੇ ਲਾਇਸੈਂਸ ਲਈ ਅਪੋਇੰਟਮੈਂਟਾਂ, www.brampton.ca/skiptheline ਤੇ ਜਾਂ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8:30 ਵਜੇ ਤੋਂ ਸ਼ਾਮ 4 ਵਜੇ ਤੱਕ, ਸਿਟੀ ਹਾਲ (City Hall) ਵਿਖੇ ਖੁਦ ਆ ਕੇ ਬੁੱਕ ਕੀਤੀਆਂ ਜਾ ਸਕਦੀਆਂ ਹਨ।

**ਵਿਆਹ ਦੇ ਲਾਇਸੈਂਸ**

ਕੀ ਤੁਸੀਂ ਆਪਣੇ ਵਿਆਹ ਦੀ ਯੋਜਨਾ ਬਣਾ ਰਹੇ ਹੋ? ਓਨਟੈਰੀਓ ਵਿੱਚ ਵਿਆਹ ਕਰਵਾਉਣ ਤੋਂ ਪਹਿਲਾਂ, ਤੁਹਾਡੇ ਲਈ ਵਿਆਹ ਦਾ ਲਾਇਸੈਂਸ ਲੈਣਾ ਜ਼ਰੂਰੀ ਹੈ। ਸਿਟੀ ਆਫ ਬ੍ਰੈਂਪਟਨ ਤੋਂ ਵਿਆਹ ਦਾ ਲਾਇਸੈਂਸ (marriage licence) ਪ੍ਰਾਪਤ ਕਰਨ ਲਈ ਸ਼ਰਤਾਂ ਅਤੇ ਸਮਾਂ ਸੀਮਾਵਾਂ ਬਾਰੇ ਜਾਣਕਾਰੀ ਪ੍ਰਾਪਤ ਕਰੋ।

-30-

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca